Punjabi - Number 49h
January 2024

# ਪੀਣ ਵਾਲੇ ਪਾਣੀ ਵਿੱਚ ਐਸਬੈਸਟਸ
# Asbestos in drinking water

## ਐਸਬੈਸਟਸ ਕੀ ਹੈ?

ਪੱਥਰਾਂ ਦੇ ਵਿੱਚ ਕੁਦਰਤੀ ਤੌਰ 'ਤੇ ਮਿਲਣ ਵਾਲੇ ਖਣਿਜ ਰੇਸ਼ਿਆਂ ਦੇ ਸਮੂਹ ਨੂੰ ਐਸਬੈਸਟਸ ਕਿਹਾ ਜਾਂਦਾ ਹੈ। ਦਹਾਕਿਆਂ ਤੋਂ, ਐਸਬੈਸਟਸ ਦੀ ਵਰਤੋਂ ਘਰਾਂ ਅਤੇ ਹੋਰ ਇਮਾਰਤਾਂ ਵਿੱਚ ਇੱਕ ਨਿਰਮਾਣ ਸਮੱਗਰੀ ਵਜੋਂ ਕੀਤੀ ਜਾਂਦੀ ਸੀ।

ਕੈਨੇਡਾ ਵਿੱਚ 1940 ਤੋਂ 1960 ਦੇ ਦਹਾਕਿਆਂ ਤੱਕ ਐਸਬੈਸਟਸ ਦੀ ਵਰਤੋਂ ਆਮ ਤੌਰ 'ਤੇ ਐਸਬੈਸਟਸ-ਸੀਮੈਂਟ ਦੀਆਂ ਪਾਈਪਾਂ ਬਣਾਉਣ ਲਈ ਕੀਤੀ ਜਾਂਦੀ ਸੀ। ਐਸਬੈਸਟਸ-ਸੀਮੈਂਟ ਪਾਈਪਾਂ ਦੀ ਵਰਤੋਂ 1970 ਦੇ ਦਹਾਕੇ ਤੋਂ ਵੱਡੇ ਪੱਧਰ 'ਤੇ ਬੰਦ ਕਰ ਦਿੱਤੀ ਗਈ ਹੈ, ਪਰ ਕੈਨੇਡਾ ਭਰ ਵਿੱਚ ਪੀਣ ਵਾਲੇ ਪਾਣੀ ਦੇ ਸਿਸਟਮਾਂ ਵਿੱਚ ਕੁਝ ਪਾਈਪਾਂ ਰਹਿੰਦੀਆਂ ਹਨ।

ਜਿਵੇਂ ਐਸਬੈਸਟਸ-ਸੀਮੈਂਟ ਪਾਈਪਾਂ ਆਪਣੀ ਉਮਰ ਦੇ ਅੰਤ ਤੱਕ ਪਹੁੰਚਦੀਆਂ ਹਨ ਜਾਂ ਉਸਾਰੀ ਦੌਰਾਨ ਸਾਹਮਣੇ ਆਉਂਦੀਆਂ ਹਨ, ਉਹਨਾਂ ਨੂੰ ਆਮ ਤੌਰ 'ਤੇ ਵਿਕਲਪਕ ਪਾਈਪਾਂ ਨਾਲ ਬਦਲਿਆ ਜਾਂਦਾ ਹੈ।

ਹਵਾ ਵਿੱਚ ਛੱਡੇ ਜਾਣ ਵਾਲੇ ਐਸਬੈਸਟਸ ਨੂੰ ਸਾਹ ਰਾਹੀਂ ਅਦਰ ਲੈਣ ਤੋਂ ਆਪਣੀ ਸਿਹਤ ਦੀ ਰੱਖਿਆ ਕਰਨ ਲਈ ਖਰਾਬ ਹੋ ਰਹੀਆਂ ਪਾਈਪਾਂ ਨੂੰ ਸੰਭਾਲਦੇ ਸਮੇਂ ਹਮੇਸ਼ਾ ਸਾਵਧਾਨੀ ਵਰਤੋ। ਐਸਬੈਸਟਸ ਦੀ ਸੁਰੱਖਿਅਤ ਹੈਂਡਲਿੰਗ ਬਾਰੇ ਵਧੇਰੇ ਜਾਣਕਾਰੀ ਲਈ, www.worksafebc.com/en/resources/health-safety/books-guides/safe-work-practices-for-handling-asbestos?lang =en 'ਤੇ ਵਰਕਸੇਫਬੀਸੀ–ਐਸਬੈਸਟਸ ਨੂੰ ਸੰਭਾਲਣ ਲਈ ਕੰਮ ਦੇ ਸੁਰੱਖਿਅਤ ਅਭਿਆਸ ਦੇਖੋ।

## ਮੇਰੇ ਪੀਣ ਵਾਲੇ ਪਾਣੀ ਵਿੱਚ ਐਸਬੈਸਟਸ ਕਿਵੇਂ ਆ ਸਕਦਾ ਹੈ?

ਐਸਬੈਸਟਸ ਮਾਈਨਿੰਗ ਟੇਲਿੰਗਜ਼ ਦੇ ਵਹਾਅ, ਐਸਬੈਸਟਸ ਦੇ ਰਹਿੰਦ-ਖੂੰਹਦ ਦੇ ਗਲਤ ਤਰੀਕੇ ਨਾਲ ਨਿਪਟਾਰੇ ਜਾਂ ਐਸਬੈਸਟਸ-ਬੀਅਰਿੰਗ ਬੈਡਰਕ ਨਾਲ ਸਰੋਤ ਪਾਣੀ ਦੇ ਸੰਪਰਕ ਦੁਆਰਾ ਪਾਣੀ ਦੇ ਸਰੋਤਾਂ ਵਿੱਚ ਜਾ ਸਕਦਾ ਹੈ। ਮਿਆਰੀ ਕਮਿਊਨਿਟੀ ਵਾਟਰ ਟ੍ਰੀਟਮੈਂਟ ਪ੍ਰਕਿਰਿਆਵਾਂ ਕੁਦਰਤੀ ਐਸਬੈਸਟਸ ਨੂੰ ਹਟਾ ਸਕਦੀਆਂ ਹਨ ਜੋ ਪੀਣ ਵਾਲੇ ਪਾਣੀ ਦੇ ਸਿਸਟਮ ਦੀਆਂ ਪਾਈਪਾਂ ਤੱਕ ਪਹੁੰਚਣ ਤੋਂ ਪਹਿਲਾਂ ਪਾਣੀ ਦੇ ਸਰੋਤਾਂ ਵਿੱਚ ਦਾਖਲ ਹੋਇਆ ਹੈ।

ਜਦੋਂ ਐਸਬੈਸਟਸ-ਸੀਮੈਂਟ ਪਾਈਪਾਂ ਖ਼ਰਾਬ ਹੋ ਜਾਂਦੀਆਂ ਹਨ, ਤਾਂ ਐਸਬੈਸਟਸ ਦੇ ਕੁਝ ਰੇਸ਼ੇ ਪੀਣ ਵਾਲੇ ਪਾਣੀ ਦੇ ਡਿਸਟਰੀਬਿਊਸ਼ਨ ਸਿਸਟਮ ਵਿੱਚ ਛੱਡੇ ਜਾ ਸਕਦੇ ਹਨ, ਜਿਸ ਨਾਲ ਲੋਕ ਇਸਨੂੰ ਨਿਗਲ ਲੈਂਦੇ ਹਨ (ਪੀਂਦੇ ਹਨ ਜਾਂ ਖਾਂਦੇ ਹਨ) ਜਾਂ ਹਵਾ ਵਿੱਚ ਮੌਜੂਦ ਪਾਣੀ ਦੀਆਂ ਬੂੰਦਾਂ ਨੂੰ ਸਾਹ ਰਾਂਹੀ ਅੰਦਰ ਲੈ ਲੈਂਦੇ ਹਨ।

## ਕੀ ਐਸਬੈਸਟਸ-ਸੀਮੈਂਟ ਪਾਈਪਾਂ ਤੋਂ ਪਾਣੀ ਦੀ ਵਰਤੋਂ ਕਰਨਾ ਮੇਰੀ ਸਿਹਤ ਲਈ ਖ਼ਤਰਾ ਹੈ?

ਹੈਲਥ ਕੈਨੇਡਾ ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਅਨੁਸਾਰ, ਇਸ ਗੱਲ ਦੇ ਕੋਈ ਇਕਸਾਰ, ਪੱਕੇ ਸਬੂਤ ਨਹੀਂ ਹਨ ਕਿ ਐਸਬੈਸਟਸ ਦਾ ਸੇਵਨ ਮਨੁੱਖੀ ਸਿਹਤ ਲਈ ਹਾਨੀਕਾਰਕ ਹੈ। ਇਸ ਕਾਰਨ, ਐਸਬੈਸਟੋਸ-ਸੀਮੈਂਟ ਪਾਈਪਾਂ ਤੋਂ ਪਾਣੀ ਪੀਣਾ ਤੁਹਾਡੀ ਸਿਹਤ ਲਈ ਖ਼ਤਰਾ ਨਹੀਂ ਮੰਨਿਆ ਜਾਂਦਾ ਹੈ।

ਹਾਲਾਂਕਿ ਇਹ ਵੀ ਸੰਭਵ ਹੈ ਕਿ ਸ਼ਾਵਰ ਜਾਂ ਹਿਊਮਿਡੀਫਾਇਰ ਤੋਂ ਪਾਣੀ ਦੀਆਂ ਬੂੰਦਾਂ ਵਿੱਚ ਐਸਬੈਸਟਸ ਦੇ ਰੇਸ਼ੇ ਹੋ ਸਕਦੇ ਹਨ, ਇਸ ਕਿਸਮ ਦੀਆਂ ਬੂੰਦਾਂ ਦੇ ਸੰਪਰਕ ਨੂੰ ਸਿਹਤ ਲਈ ਖਤਰਾ ਨਹੀਂ ਮੰਨਿਆ ਜਾਂਦਾ ਹੈ।

## ਐਸਬੈਸਟਸ ਨੂੰ ਸਾਹ ਰਾਹੀਂ ਅੰਦਰ ਲੈਣਾ ਇੱਕ ਸਿਹਤ ਸੰਬੰਧੀ ਚਿੰਤਾ ਕਿਉਂ ਹੈ ਪਰ ਐਸਬੈਸਟਸ ਦਾ ਸੇਵਨ ਕਰਨਾ ਨਹੀਂ?

ਬਹੁਤ ਸਾਰੇ ਅਧਿਐਨਾਂ ਤੋਂ ਮਜ਼ਬੂਤ ਸਬੂਤ ਮਿਲਦੇ ਹਨ ਕਿ ਐਸਬੈਸਟਸ ਦੇ ਰੇਸ਼ਿਆਂ ਨੂੰ ਸਾਹ ਨਾਲ ਅੰਦਰ ਖਿੱਚਣ ਨਾਲ ਕੈਂਸਰ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ।

ਐਸਬੈਸਟਸ ਨੂੰ ਸਾਹ ਰਾਹੀਂ ਅੰਦਰ ਲੈਣ ਦੇ ਸਿਹਤ ਖਤਰਿਆਂ ਬਾਰੇ ਜਾਣਕਾਰੀ ਲਈ, HealthLinkBC ਫ਼ਾਈਲ #32 ਐਸਬੈਸਟਸ: ਮੈਨੂੰ ਕਦੋਂ ਫ਼ਿਕਰ ਕਰਨੀ ਚਾਹੀਦੀ ਹੈ? ਦੇਖੋ।

ਹੈਲਥ ਕੈਨੇਡਾ ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਪਿਛਲੇ ਦਹਾਕੇ ਵਿੱਚ ਕਈ ਵਾਰ ਮੌਜੂਦਾ ਸਬੂਤਾਂ ਦੀ ਸੁਤੰਤਰ ਤੌਰ 'ਤੇ ਸਮੀਖਿਆ ਕੀਤੀ ਹੈ ਅਤੇ ਹਰ ਵਾਰ ਆਪਣੀ ਸਥਿਤੀ ਨੂੰ ਕਾਇਮ ਰੱਖਿਆ ਹੈ ਕਿ ਪੀਣ ਵਾਲੇ ਪਾਣੀ ਵਿੱਚ ਐਸਬੈਸਟਸ ਦਾ ਸੇਵਨ ਸਿਹਤ ਲਈ ਖਤਰਾ ਪੈਦਾ ਨਹੀਂ ਕਰਦਾ ਹੈ।

## ਕੀ ਬੀਸੀ ਪੀਣ ਵਾਲੇ ਪਾਣੀ ਵਿੱਚ ਐਸਬੈਸਟਸ ਦੀ ਨਿਗਰਾਨੀ ਕਰਦਾ ਹੈ?

ਕਨੇਡੀਅਨ ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਮਾਪਣ ਲਈ ਬੀਸੀ ਹੈਲਥ ਕੈਨੇਡਾ ਦੇ ਦਿਸ਼ਾ-ਨਿਰਦੇਸ਼ਾਂ ਨੂੰ ਪਾਣੀ ਦੀ ਗੁਣਵੱਤਾ ਮਿਆਰ ਵਜੋਂ ਹਵਾਲਾ ਦਿੰਦਾ ਹੈ। ਇਸ ਸਮੇਂ 'ਤੇ, ਹੈਲਥ ਕੈਨੇਡਾ ਨੇ ਪੀਣ ਵਾਲੇ ਪਾਣੀ ਵਿੱਚ ਐਸਬੈਸਟਸ ਦੀ ਨਿਗਰਾਨੀ ਕਰਨ ਲਈ ਮੈਕਸੀਮਮ ਐਕਸੇਪਟੇਬਲ ਕਨਸਨਟ੍ਰੇਸ਼ਨ (MAC) ਨਿਰਧਾਰਤ ਨਹੀਂ ਕੀਤੀ ਹੈ।

ਬੀਸੀ ਦਾ ਸਿਹਤ ਮੰਤਰਾਲਾ ਇਹ ਦੇਖਣ ਲਈ ਕਿ ਕੀ ਸਥਿਤੀ ਬਦਲਣ ਜਾਂ ਦਿਸ਼ਾ-ਨਿਰਦੇਸ਼ ਬਣਾਉਣ ਦਾ ਕੋਈ ਕਾਰਨ ਹੈ, ਬਾਰੇ ਸਾਮ੍ਹਣੇ ਆ ਰਹੇ ਸਬੂਤਾਂ ਬਾਰੇ ਸੂਚਿਤ ਰਹਿਣ ਲਈ ਹੈਲਥ ਕੈਨੇਡਾ ਅਤੇ ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਨਾਲ ਕੰਮ ਕਰਦਾ ਹੈ ਅਤੇ ਨਵੇਂ ਸਬੂਤਾਂ ਦੀ ਨਿਗਰਾਨੀ ਕਰਨਾ ਜਾਰੀ ਰੱਖੇਗਾ ਜੋ ਸੰਕੇਤ ਦਿੰਦੇ ਹਨ ਕਿ ਐਸਬੈਸਟਸ ਨੂੰ ਨਿਗਲਣ ਵਿੱਚ ਕੋਈ ਵੀ ਸਿਹਤ ਸੰਬੰਧੀ ਚਿੰਤਾਵਾਂ ਹਨ।

## ਹੋਰ ਜਾਣਕਾਰੀ ਲਈ

### ਹੈਲਥ ਕੈਨੇਡਾ

ਪੀਣ ਵਾਲੇ ਪਾਣੀ ਵਿੱਚ ਐਸਬੈਸਟਸ ਬਾਰੇ ਹੋਰ ਜਾਣਕਾਰੀ ਲਈ, ਹੈਲਥ ਕੈਨੇਡਾ – ਪੀਣ ਵਾਲੇ ਪਾਣੀ ਵਿੱਚ ਐਸਬੈਸਟਸ www.canada.ca/en/health-canada/services/publications/healthy-living/asbestos-drinking-water-infographic-2021.html ਦੇਖੋ।

### ਵਰਲਡ ਹੈਲਥ ਓਰਗੇਨਾਈਜ਼ੇਸ਼ਨ:

ਪੀਣ ਵਾਲੇ ਪਾਣੀ ਦੀ ਗੁਣਵੱਤਾ ਸੰਬੰਧੀ ਦਿਸ਼ਾ-ਨਿਰਦੇਸ਼ਾਂ ਦੇ ਵਿਕਾਸ ਬਾਰੇ ਜਾਣਕਾਰੀ ਲਈ, ਵਰਲਡ ਹੈਲਥ ਓਰਗੇਨਾਈਜ਼ੇਸ਼ਨ - ਪੀਣ ਵਾਲੇ ਪਾਣੀ ਵਿਐਸਬੈਸਟਸ www.who.int/publications/i/item/WHO-HEP-ECH-WSH-2021.4 ਦੇਖੋ।

### ਸਥਾਨਕ ਸਿਹਤ ਅਥਾਰਟੀਆਂ

ਜੇਕਰ ਤੁਹਾਨੂੰ ਤੁਹਾਡੇ ਦੁਆਰਾ ਪੀਤੇ ਜਾ ਰਹੇ ਪਾਣੀ ਦੀ ਗੁਣਵੱਤਾ ਬਾਰੇ ਚਿੰਤਾਵਾਂ ਹਨ, ਤਾਂ ਆਪਣੀ ਸਿਹਤ ਅਥਾਰਟੀ ਦੇ ਸਥਾਨਕ ਏਨਵਾਏਰਨਮੈਂਟਲ ਹੈਲਥ ਅਫਸਰ ਨਾਲ ਸੰਪਰਕ ਕਰੋ:

- ਫਸਟ ਨੇਸ਼ਨਜ਼ ਹੈਲਥ ਅਥਾਰਟੀ 604-693-6500 ਜਾਂ ਟੋਲ-ਫ੍ਰੀ 1-866-913-0033
- ਫਰੇਜ਼ਰ ਹੈਲਥ 604-587-4600
- ਇੰਨਟੀਰੀਅਰ ਹੈਲਥ 250-862-4200
- ਆਈਲੈਂਡ ਹੈਲਥ 250-370-8699
- ਨੌਰਦਰਨ ਹੈਲਥ 250-565-2649
- ਵੈਨਕੂਵਰ ਕੋਸਟਲ ਹੈਲਥ 604-736-2033